[redacted]

ਪੰਜਾਬ ਵਿਧਾਨ ਸਭਾ ਸਕੱਤਰੇਤ

**ਸ਼ੁੱਕਰਵਾਰ, ਮਿਤੀ 23 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਫਿਰੋਜ਼ਪੁਰ ਵਿੱਚ ਹੋਜ਼ਰੀ ਬੇਸਡ ਉਦਯੋਗਿਕ ਯੂਨਿਟ ਦੀ ਸਥਾਪਨਾ ਕਰਨਾ**

*474. **ਸ਼੍ਰੀਮਤੀ ਸਤਕਾਰ ਕੌਰ, ਐਮ.ਐਲ.ਏ.**:- ਕੀ ਤਕਨੀਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਫਿਰੋਜ਼ਪੁਰ ਵਿਚ ਨੌਜਵਾਨਾਂ ਲਈ ਹੋਜ਼ਰੀ ਅਤੇ ਨਿਟਿੰਗ ਸਿਖਲਾਈ ਕੇਂਦਰ ਚਲਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਜ਼ਿਲ੍ਹੇ ਵਿੱਚ ਇਨ੍ਹਾਂ ਸਿੱਖਿਆਰਥੀਆਂ ਨੂੰ ਨੌਕਰੀਆਂ ਦੇਣ ਲਈ ਹੋਜ਼ਰੀ ਬੇਸਡ ਉਦਯੋਗਿਕ ਯੂਨਿਟ ਦੀ ਸਥਾਪਨਾ ਕਰਨ ਬਾਰੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਧਨੌਲਾ ਜ਼ਿਲ੍ਹਾ ਬਰਨਾਲਾ ਵਿਖੇ ਲੜਕੀਆਂ ਦਾ ਕਾਲਜ਼ ਬਣਾਉਣਾ**

*135. **ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਧਨੌਲਾ, ਜ਼ਿਲ੍ਹਾ ਬਰਨਾਲਾ ਵਿਖੇ ਲੜਕੀਆਂ ਦਾ ਕਾਲਜ ਸਥਾਪਤ ਕਰਨ ਲਈ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਾਲਜ ਕਦੋਂ ਤੱਕ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ?

**ਮਾਨਸਾ/ਸਿਰਸਾ ਰੋਡ ਤੇ ਘੱਗਰ ਪੁੱਲ ਦੀ ਮੁਰੰਮਤ**

*125. **ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.**:- ਕੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਾਨਸਾ/ਸਿਰਸਾ ਰੋਡ ਤੇ ਸਰਦੂਲਗੜ੍ਹ ਕੋਲ ਘੱਗਰ ਪੁੱਲ ਬਹੁਤ ਪੁਰਾਣਾ ਹੋਣ ਕਰਕੇ ਖਸਤਾ ਹਾਲਤ ਵਿੱਚ ਹੈ ਅਤੇ ਬਰਸਾਤ ਦੇ ਸੀਜ਼ਨ ਵਿੱਚ ਪਾਣੀ ਆਉਂਣ ਕਾਰਨ ਇਸ ਦੇ ਕਦੇ ਵੀ ਟੁੱਟਣ ਦਾ ਖ਼ਤਰਾ ਬਣਿਆ ਰਹਿੰਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਕੀ ਇਸ ਪੁਲ ਦੀ ਥਾਂ ਤੇ ਲੈਵਲ ਉੱਚਾ ਚੁੱਕਾ ਕੇ ਇੱਕ ਨਵਾਂ ਪੁੱਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਪਠਾਨਕੋਟ ਲਈ ਮਨਜ਼ੂਰ ਕੀਤੇ ਗਏ ਉਦਯੋਗਿਕ ਪ੍ਰਾਜੈਕਟ**

*515. **ਸ਼੍ਰੀ ਅਮਿਤ ਵਿਜ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮੌਜੂਦਾ ਸਰਕਾਰ ਦੁਆਰਾ ਪਠਾਨਕੋਟ ਲਈ ਮਨਜ਼ੂਰ ਕੀਤੇ ਗਏ ਉਦਯੋਗਿਕ ਪ੍ਰਾਜੈਕਟਾਂ ਦੀ ਗਿਣਤੀ ਕਿੰਨੀ ਹੈ, ਕਿੰਨ੍ਹੇ ਪ੍ਰਾਜੈਕਟਾਂ ਲਈ ਜ਼ਮੀਨ ਅਲਾਟ ਹੋ ਗਈ ਹੈ ਅਤੇ ਇਹ ਪ੍ਰਾਜੈਕਟ ਕਦੋਂ ਤੱਕ ਅਰੰਭ ਹੋ ਜਾਣਗੇ?

**ਰਾਜ ਦੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਡਿਜੋਲੇਸ਼ਨ ਕਲਾਜ਼ ਨੂੰ ਲਾਗੂ ਨਾ ਕਰਨਾ**

*174. 1. **ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.)**

2. **ਰਾਣਾ ਗੁਰਮੀਤ ਸਿੰਘ ਸੋਢੀ, ਐਮ.ਐਲ.ਏ.)** :- ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਹਿਲਾਂ ਚਿੰਤਪੁਰਨੀ ਮੈਡੀਕਲ ਕਾਲਜ, ਜ਼ਿਲ੍ਹਾ ਪਠਾਨਕੋਟ ਫੇਲ੍ਹ ਹੋਇਆ, ਉਸਦੇ ਵਿਦਿਆਰਥੀ ਦੂਜੀਆਂ ਵਿੱਦਿਅਕ ਸੰਸਥਾਵਾਂ ਵਿੱਚ ਸ਼ਿਫ਼ਟ ਕੀਤੇ ਗਏ ਅਤੇ ਹੁਣ ਗਿਆਨ ਸਾਗਰ ਕਾਲਜ ਦੇ ਵਿਦਿਆਰਥੀ ਸਿਫ਼ਟ ਕੀਤੇ ਜਾ ਰਹੇ ਹਨ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਵਿਦਿਅਕ ਸੰਸਥਾਵਾਂ ਦੀ ਡਿਜੋਲੇਸ਼ਨ ਕਲਾਜ਼ ਇੰਪਲੀਮੈਂਟ/ਲਾਗੂ ਨਾ ਕਰਨ ਦੇ ਕੀ ਕਾਰਨ ਹਨ;

ਅ) ਜਿਹੜੀਆਂ ਵਿਦਿਅਕ ਸੰਸਥਾਵਾਂ ਵਿੱਚ ਇਨ੍ਹਾਂ ਉਕਤ ਸੰਸਥਾ ਦੇ ਬੱਚੇ ਭੇਜੇ ਜਾ ਰਹੇ ਹਨ ਕੀ ਉਨ੍ਹਾਂ ਵਿੱਚ ਵਾਧੂ ਵਿਦਿਆਰਥੀ ਲੈਣ ਦੀ ਸਮਰੱਥਾ ਅਰਥਾਤ ਲੋੜੀਂਦਾ Infrastructure ਉਪਲਬਧ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਗਿਆਨ ਸਾਗਰ ਮੈਡੀਕਲ ਕਾਲਜ ਤੇ ਆਪਣੇ ਲਏ ਫੈਸਲੇ ਤੇ ਮੁੜ ਵਿਚਾਰ ਕਰੇਗੀ;

ੲ) ਗਿਆਨ ਸਾਗਰ ਮੈਡੀਕਲ ਕਾਲਜ ਪਿਛਲੇ ਕੁਝ ਮਹਿਨਿਆਂ ਤੋਂ ਬੰਦ ਹੋਣ ਕਰਕੇ ਹਜ਼ਾਰਾ ਵਿਦਿਆਰਥੀਆਂ ਦਾ ਭਵਿੱਖ ਅਨਿਸ਼ਚਿਤ ਹੋਣ ਦੇ ਮੱਦੇਨਜ਼ਰ ਕੀ ਕਦਮ ਚੁੱਕੇ ਜਾ ਰਹੇ ਹਨ;

ਸ) ਕੀ ਅਧਿਆਪਕ, ਹੋਰ ਪੈਰਾ ਮੈਡੀਕਲ ਅਤੇ ਸਹਾਇਕ ਸਟਾਫ ਨੂੰ ਤਨਖਾਹਾਂ ਨਹੀ ਦਿੱਤੀਆਂ ਗਈਆਂ ਹਨ?

**ਮੋਗਾ ਵਿਖੇ ਪਾਣੀ ਦੀ ਨਿਕਾਸੀ ਦਾ ਪਲਾਨ ਤਿਆਰ ਕਰਨਾ**

*501. **ਸ਼੍ਰੀ ਹਰਜੋਤ ਕਮਲ ਸਿੰਘ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮੋਗਾ ਸ਼ਹਿਰ ਵਿਖੇ ਨੀਵੇਂ ਇਲਾਕਿਆਂ ਵਿੱਚ ਪਾਣੀ ਦੀ ਨਿਕਾਸੀ ਦੀ ਬਹੁਤ ਹੀ ਵੱਡੀ ਸਮੱਸਿਆ ਸਬੰਧੀ ਕੋਈ ਪਲਾਨ ਤਿਆਰ ਕੀਤਾ ਗਿਆ ਹੈ;

ਅ) ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਗੰਭੀਰ ਸਮੱਸਿਆ ਦਾ ਹੱਲ ਕਰਨ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼ਗਨ ਸਕੀਮ ਸਬੰਧੀ**

*511. **ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਐਸ.ਸੀ/ਬੀ.ਸੀ. ਅਤੇ ਹੋਰ ਗਰੀਬ ਭਾਈਚਾਰੇ ਦੀਆਂ ਲੜਕੀਆ ਦੇ ਵਿਆਹਾਂ ਤੇ ਦਿੱਤੀ ਜਾ ਰਹੀ ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਕਦੋਂ ਸ਼ੁਰੂ ਕੀਤੀ ਗਈ ਸੀ;

ਅ) ਇਹ ਸ਼ਗਨ ਸਕੀਮ ਆਖਰੀ ਵਾਰ ਕਦੋਂ ਅਤੇ ਕਿੰਨੀ-ਕਿੰਨੀ ਦਿੱਤੀ ਗਈ ਅਤੇ ਇਸ ਸਕੀਮ ਦੇ ਲਾਭਪਾਤਰੀਆ ਦੀ ਗਿਣਤੀ ਕੀ ਹੈ;

ੲ) ਵਿਧਾਨ ਸਭਾ ਹਲਕਾ ਮਜੀਠਾ ਵਿੱਚ ਕਿੰਨੇ ਲਾਭ ਪਾਤਰੀਆ ਨੂੰ ਇਸ ਸਕੀਮ ਅਧੀਨ ਹੁਣ ਤੱਕ ਕਿੰਨਾਂ ਲਾਭ ਦਿੱਤਾ ਗਿਆ ਹੈ ਅਤੇ ਕਿੰਨੇ ਲਾਭਪਾਤਰੀਆਂ ਦੀ ਰਾਸ਼ੀ ਪੈਡਿੰਗ ਪਈ ਹੈ;

ਸ) ਕੀ ਇਸ ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਦੀ ਰਾਸ਼ੀ ਵਿੱਚ ਵਾਧਾ ਕੀਤੇ ਜਾਣ ਦਾ ਸਰਕਾਰ ਦਾ ਕੋਈ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਰਾਸ਼ੀ ਕਦੋਂ ਤੱਕ ਵਧਾ ਦਿੱਤੀ ਜਾਵੇਗੀ?

**ਇਤਿਹਾਸਕ ਪਿੰਡ ਦੀਨਾਕਾਂਗੜ ਦਾ ਸੁੰਦਰੀਕਰਨ ਕਰਨਾ**

*64. **ਸਰਦਾਰ ਮਨਜੀਤ ਸਿੰਘ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਤਿਹਾਸਕ ਪਿੰਡ ਦੀਨਾਕਾਂਗੜ, ਤਹਿਸੀਲ ਨਿਹਾਲ ਸਿੰਘ ਵਾਲਾ ਦੇ ਸੁੰਦਰੀਕਰਨ ਕਰਨ ਵਾਸਤੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਮੁਕਤੇਸ਼ਵਰ ਧਾਮ ਦੇ ਆਲੇ-ਦੁਆਲੇ ਪ੍ਰੋਟੈਕਸ਼ਨ ਵਾਲ ਬਣਾਉਣਾ**

*496. **ਸ਼੍ਰੀ ਦਿਨੇਸ਼ ਸਿੰਘ , ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੁਕਤੇਸ਼ਵਰ ਧਾਮ ਮੰਦਰ ਦੇ ਆਲੇ-ਦੁਆਲੇ ਜਿਹੜੀ ਪ੍ਰੋਟੈਕਸ਼ਨ ਵਾਲ(ਅਧੀਨ ਆਰ.ਐਸ.ਡੀ /ਬੈਰਾਜ) ਬਣਾਈ ਜਾਣੀ ਸੀ ਉਹ ਕਿੰਨੀ ਦੇਰ ਵਿਚ ਅਤੇ ਕਿੰਨੀ ਲਾਗਤ ਨਾਲ ਬਣਾਈ ਜਾਵੇਗੀ;

ਅ) ਕੀ ਉਕਤ ਪ੍ਰੋਟੈਕਸ਼ਨ ਵਾਲ ਦੇ ਤਖਮੀਨੇ ਪਾਸ ਹੋ ਗਏ ਹਨ, ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ, ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ?

**ਅਧਿਆਪਕਾਂ ਦੀ ਬਦਲੀ ਸਬੰਧੀ ਸਰਕਾਰੀ ਨੀਤੀ**

*389. **ਰਾਣਾ ਗੁਰਮੀਤ ਸਿੰਘ ਸੋਢੀ, ਐਮ.ਐਲ.ਏ.**:-ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਧਿਆਪਕਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀਆਂ ਬਦਲੀਆਂ ਸਬੰਧੀ ਸਰਕਾਰ ਦੀ ਕੀ ਨੀਤੀ ਹੈ; ਅਤੇ ਵੱਖ-2 ਸ਼੍ਰੇਣੀਆਂ ਦੇ ਅਧਿਆਪਕਾਂ ਦੀ ਬਦਲੀ ਸਬੰਧੀ ਕੀ ਕਸੌਟੀ ਅਪਨਾਈ ਜਾ ਰਹੀ ਹੈ?

**ਜਾਅਲੀ ਪੈਨਸ਼ਨਾਂ ਦੀ ਜਾਂਚ**

***452. ਸਰਦਾਰ ਸੰਤੋਖ ਸਿੰਘ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਭਲਾਈ ਪੈਨਸ਼ਨ ਫ਼ਾਰਮਾਂ ਵਿਚ ਜ਼ਮੀਨ/ਜਾਇਦਾਦ ਦੇ ਆਨ-ਲਾਈਨ ਇੰਦਰਾਜ਼ ਕਰਨ ਲਈ ਪ੍ਰਬੰਧ ਕਰੇਗੀ ਜਾਂ ਤਹਿਸੀਲਦਾਰ ਦੀ ਰਿਪੋਰਟ ਲਾਜ਼ਮੀ ਕੀਤੀ ਜਾਵੇਗੀ ਤਾਂ ਜ਼ੋ ਜਾਅਲੀ ਪੈਨਸ਼ਨਾਂ ਦੀ ਜਾਂਚ ਕੀਤੀ ਜਾਵੇ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਰਾਜ ਵਿਚ ਡਿਸਪੈਂਸਰੀਆਂ/ਹਸਪਤਾਲਾਂ ਨੂੰ ਅੱਪਗ੍ਰੇਡ ਕਰਨਾ**

***454. ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸਰਕਾਰ ਦੀ ਰਾਜ ਵਿਚਲੇ ਹਸਪਤਾਲਾਂ ਅਤੇ ਡਿਪੈਂਸਰੀਆਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਨੀਤੀ ਹੈ ਅਤੇ ਚਾਲੂ ਵਿੱਤੀ ਸਾਲ ਵਿਚ ਜ਼ਿਲਾਵਾਰ ਕਿਹੜੀਆਂ-ਕਿਹੜੀਆਂ ਡਿਸਪੈਂਸਰੀਆਂ ਅਤੇ ਹਸਪਤਾਲਾਂ ਨੂੰ ਅੱਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ?

**ਅ)** ਰਾਜ ਵਿਚ ਆਮ ਲੋਕਾਂ ਨੂੰ ਵਧੀਆ ਅਤੇ ਕਿਫ਼ਾਇਤੀ ਸਿਹਤ ਸੁਵਿਧਾਵਾਂ ਦੇਣ ਲਈ ਨੇੜਲੇ ਭਵਿੱਖ ਵਿਚ ਸਰਕਾਰ ਦੇ ਪ੍ਰਸਤਾਵਿਤ ਕਦਮ ਕੀ ਹਨ?

**ਮੋਗਾ ਵਿਖੇ ਅਵਾਰਾ ਕੁੱਤਿਆਂ, ਗਾਵਾਂ ਅਤੇ ਢੱਠਿਆਂ ਦੀ ਸਮੱਸਿਆ**

***503. ਸ਼੍ਰੀ ਹਰਜੋਤ ਕਮਲ ਸਿੰਘ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੋਗਾ ਵਿਖੇ ਅਵਾਰਾ ਕੁੱਤਿਆਂ, ਗਾਵਾਂ ਅਤੇ ਢੱਠਿਆਂ ਕਰਕੇ ਪਿਛਲੇ ਕੁੱਝ ਦਿਨਾਂ ਵਿੱਚ ਜੋ ਹਾਦਸੇ ਹੋਏ ਹਨ, ਉਸ ਸਬੰਧੀ ਸਰਕਾਰ ਕੀ ਕਦਮ ਚੁੱਕ ਰਹੀ ਹੈ;

ਅ) ਜੇਕਰ ਇਸ ਸਬੰਧੀ ਕੋਈ ਨੋਡਲ ਏਜੰਸੀ ਜਾਂ ਅਫ਼ਸਰ ਨਿਯੁਕਤ ਕੀਤੇ ਗਏ ਹਨ ਤਾਂ ਉਸਦੇ ਵੇਰਵੇ ਕੀ ਹਨ?

**ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਪੱਕਾ ਕਰਨਾ**

***252. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਪੱਕਾ ਕਰਨ ਵਾਸਤੇ ਗਰਾਂਟ ਦੇਣ ਦਾ ਵਿਚਾਰ ਰੱਖਦੀ ਹੈ?

**ਨਹਿਰੀ ਪਾਣੀ ਦੇ ਮੋਘੇ ਲਾਉਣਾ**

***504. ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ.:-** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਧੂਰੀ ਜ਼ਿਲਾ ਸੰਗਰੂਰ ਵਿੱਚ ਧਰਤੀ ਹੇਠਲੇ ਪਾਣੀ ਦਾ ਲੈਵਲ ਬਹੁਤ ਥੱਲੇ ਜਾਣ ਕਾਰਨ ਪੰਜਾਬ ਟਿਊਬਵੈੱਲ ਕਾਰਪੋਰੇਸ਼ਨ ਦੇ ਕਾਫ਼ੀ ਹੱਦ ਤੱਕ ਟਿਊਬਵੈੱਲ ਬੰਦ ਹੋ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਬੰਦ ਹੋ ਚੁੱਕੇ ਟਿਊਬਵੈੱਲਾਂ ਦੀ ਜਗ੍ਹਾ ਨਹਿਰੀ ਪਾਣੀ ਦੇ ਨਵੇਂ ਮੋਘੇ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣਾ**

***514. ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸਰਕਾਰ ਦੀ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਏ ਜਾਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ;

**ਅ)** ਕੀ ਅੰਗਰੇਜ਼ੀ ਪੜ੍ਹਾਉਣ ਲਈ ਅੰਗਰੇਜੀ ਅਧਿਆਪਕ ਭਰਤੀ ਕੀਤੇ ਜਾ ਰਹੇ ਹਨ ਜਾਂ ਹਾਲ ਦੀ ਘੜੀ ਪੁਰਾਣੇ ਅਧਿਆਪਕਾਂ ਤੋਂ ਕੰਮ ਲਿਆ ਜਾਵੇਗਾ?

**ਪਠਾਨਕੋਟ ਸ਼ਹਿਰ ਲਈ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨਾ**

***523. ਸ਼੍ਰੀ ਅਮਿਤ ਵਿਜ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਪਾਲਿਕਾ ਪਠਾਨਕੋਟ ਨੂੰ ਅੱਪਗ੍ਰੇਡ ਕਰਕੇ ਨਗਰ ਨਿਗਮ ਬਣਾਉਨ ਤੋਂ ਬਾਅਦ ਵੀ ਉਥੇ ਮੁੱਢਲੀਆਂ ਸਹੂਲਤਾਂ ਉਪਲਬਧ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਸ਼ਹਿਰ ਵਿਚ ਗਲੀਆਂ ਅਤੇ ਸੜਕਾਂ ਬਣਾਉਣ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਪਾਈਪਾਂ ਆਦਿ ਦੇ ਕੰਮ ਲਈ ਲੋੜੀਂਦੇ ਫੰਡ ਕਦੋਂ ਤੱਕ ਮੁਹੱਈਆਂ ਕਰਵਾ ਦਿੱਤੇ ਜਾਣਗੇ?

**ਪੀ.ਆਈ.ਡੀ.ਬੀ. ਸਕੀਮਾਂ ਅਧੀਨ ਪਿੰਡਾਂ ਅਤੇ ਢਾਣੀਆਂ ਦੀਆਂ ਗਲੀਆਂ ਦੇ ਫਰਸ਼ ਬਣਾਉਣਾ**

***485. ਸ਼੍ਰੀਮਤੀ ਸਤਕਾਰ ਕੌਰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨਿਕਟ ਭਵਿੱਖ ਵਿਚ ਪੀ.ਆਈ.ਡੀ.ਬੀ. ਸਕੀਮਾਂ ਅਧੀਨ ਪਿੰਡਾਂ ਅਤੇ ਢਾਣੀਆਂ ਦੀਆਂ ਗਲੀਆਂ ਦੇ ਫਰਸ਼ ਅਤੇ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਦੇ ਪਿੰਡਾਂ ਦੇ ਤਲਾਬਾਂ ਤੋਂ ਆ ਰਹੇ ਗੰਦੇ ਪਾਣੀ ਦੇ ਨਿਕਾਸ ਲਈ ਵਿਸ਼ੇਸ਼ ਵਿਕਾਸ ਫੰਡ ਮੰਜੂਰ ਕਰਨ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਧੂਰੀ ਤੋਂ ਬਰਨਾਲਾ ਵਾਇਆ ਸੇਖਾ ਸੜਕ ਦੀ ਮੁਰੰਮਤ**

***499. ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਧੂਰੀ ਤੋਂ ਬਰਨਾਲਾ ਵਾਇਆ ਸੇਖਾ ਸੜਕ ਖਸਤਾ ਹਾਲਤ ਵਿਚ ਹੈ, ਜੇਕਰ ਅਜਿਹਾ ਹੋਵੇ ਤਾਂ ਪਿਛਲੀ ਵਾਰ ਇਸ ਸੜਕ ਦੀ ਮੁਰੰਮਤ ਕਿਹੜੀ ਮਿਤੀ ਨੂੰ ਕੀਤੀ ਗਈ ਸੀ;

**ਅ)** ਉਪਰੋਕਤ ਸੜਕ ਦੀ ਮੁਰੰਮਤ ਕਰਨ ਲਈ ਸਰਕਾਰ ਦੀ ਤਜਵੀਜ਼ ਕੀ ਹੈ ਅਤੇ ਅਜਿਹਾ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ?

**ਗਰੀਬਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨਾ**

***475. ਸਰਦਾਰ ਸੰਤੋਖ ਸਿੰਘ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਭਵਿੱਖ ਵਿੱਚ ਸਰਕਾਰ ਦੀ ਪਿੰਡਾਂ ਦੇ ਗਰੀਬਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਕੀ ਉਕਤ ਪਲਾਟ ਮਾਲਕੀ ਹੱਕਾਂ ਨਾਲ ਅਲਾਟ ਕੀਤੇ ਜਾਣਗੇ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ?

ਚੰਡੀਗੜ੍ਹ
ਮਿਤੀ 21 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।